ISSN: 2584-0231(Online)
International Journal of Multidisciplinary Research in Arts, Science and Technology
© IJMRAST | Vol. 3 | Issue 5 | May 2025
Available online at: https://ijmrast.com
DOI: https://doi.org/10.61778/ijmrast.v3i5.148

# ਗੁਰੂ ਤੇਗ ਬਹਾਦਰ ਬਾਣੀ ਅਤੇ ਮਨੋਵਿਸ਼ਲੇਸ਼ਣਵਾਦ: ਮਨੋਵਿਸ਼ਲੇਸ਼ਣਕ ਜੀਵਨ-ਮਰਨ ਪ੍ਰਵਿਰਤੀਆਂ ਦੇ ਵਿਸ਼ੇਸ਼ ਸੰਦਰਭ ਵਿੱਚ

**ਹਰਭਜਨ ਸਿੰਘ**

ਖੋਜਾਰਥੀ, ਸਿੱਖਿਆ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ (ਹਰਿਆਣਾ)

**Email:** mannakataria729@gmail.com

**Abstract (ਸਾਰ)**

*ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਮਨੋਵਿਗਿਆਨ ਦੇ ਫ਼ਰਾਇਡੀ ਸਿਧਾਂਤ ਦੇ ਸੰਦਰਭ ਵਿੱਚ, ਜੀਵਨ ਅਤੇ ਮੌਤ ਦੇ ਮਨੁੱਖੀ ਸੰਘਰਸ਼ ਲਈ ਇੱਕ ਡੂੰਘੀ ਆਧਿਆਤਮਿਕ ਦ੍ਰਿਸ਼ਟੀ ਪੇਸ਼ ਕਰਦੀ ਹੈ। ਫ਼ਰਾਇਡ ਅਨੁਸਾਰ, ਜੀਵਨ ਪ੍ਰੇਰਨਾ ਰਚਨਾਤਮਕਤਾ ਵੱਲ ਧੱਕਦੀ ਹੈ ਅਤੇ ਮੌਤ ਪ੍ਰਵਿਰਤੀ ਵਿਨਾਸ਼ ਵੱਲ ਖਿੱਚਦੀ ਹੈ, ਜਿਸ ਕਾਰਨ ਅੰਦਰੂਨੀ ਤਣਾਅ ਪੈਦਾ ਹੁੰਦਾ ਹੈ। ਇਸਦੇ ਉਲਟ ਗੁਰੂ ਤੇਗ ਬਹਾਦਰ ਜੀ ਮੌਤ ਨੂੰ ਨਕਾਰਾਤਮਕ ਸ਼ਕਤੀ ਨਹੀਂ, ਸਗੋਂ ਇੱਕ ਕੁਦਰਤੀ ਅਤੇ ਅਟੱਲ ਸੱਚ ਮੰਨਦੇ ਹਨ। ਉਨ੍ਹਾਂ ਦਾ ਕੇਂਦਰੀ ਸੰਦੇਸ਼ ਹੈ ਕਿ ਮਨੁੱਖ ਦਾ ਅਸਲ ਸੰਘਰਸ਼ ਬਾਹਰੀ ਨਹੀਂ, ਸਗੋਂ ਅੰਦਰੂਨੇ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨਾਲ ਹੈ। ਜਦੋਂ ਮਨੁੱਖ ਇਨ੍ਹਾਂ 'ਤੇ ਕਾਬੂ ਪਾ ਲੈਂਦਾ ਹੈ ਅਤੇ ਸੰਸਾਰਿਕ ਮੋਹ ਤੋਂ ਮੁਕਤ ਹੋ ਜਾਂਦਾ ਹੈ, ਤਾਂ ਮੌਤ ਦਾ ਡਰ ਖਤਮ ਹੋ ਜਾਂਦਾ ਹੈ ਅਤੇ ਇਹ ਆਤਮਿਕ ਮੁਕਤੀ ਦਾ ਦੁਆਰ ਬਣ ਜਾਂਦੀ ਹੈ। ਨਾਸ਼ਵਾਨਤਾ ਦੀ ਸਵੀਕ੍ਰਿਤੀ ਮਨੁੱਖ ਨੂੰ ਅਸਲੀ, ਸਥਾਈ ਖੋਜ- ਆਤਮਿਕ ਸੱਚ ਵੱਲ ਮੋੜਦੀ ਹੈ। ਗੁਰੂ ਜੀ ਦੀ ਸ਼ਹੀਦੀ ਇਸ ਦਰਸ਼ਨ ਦਾ ਜੀਵੰਤ ਪ੍ਰਮਾਣ ਹੈ, ਜਿਸ ਵਿੱਚ ਮੌਤ ਪ੍ਰਵਿਰਤੀ ਨੂੰ ਨੈਤਿਕ ਕੁਰਬਾਨੀ ਅਤੇ ਰਚਨਾਤਮਕ ਪਰਿਵਰਤਨ ਦੀ ਸ਼ਕਤੀ ਵਿੱਚ ਤਬਦੀਲ ਕਰ ਦਿੱਤਾ ਗਿਆ। ਇਸ ਤਰ੍ਹਾਂ, ਉਨ੍ਹਾਂ ਦੀ ਬਾਣੀ ਫ਼ਰਾਇਡ ਦੇ ਮਨੋਵਿਗਿਆਨਿਕ ਚੌਖਟੇ ਅਤੇ ਆਧਿਆਤਮਿਕ ਹੱਲ ਵਿਚਕਾਰ ਇੱਕ ਸੰਵਾਦ ਪੈਦਾ ਕਰਦੀ ਹੈ, ਜੋ ਮੌਤ ਦੇ ਡਰ, ਚਿੰਤਾ ਅਤੇ ਉਦਾਸੀ 'ਤੇ ਕਾਬੂ ਪਾ ਕੇ ਅਡੋਲਤਾ ਅਤੇ ਅਰਥਪੂਰਨ ਜੀਵਨ ਪ੍ਰਾਪਤ ਕਰਨ ਦਾ ਮਾਰਗ ਦਰਸਾਉਂਦੀ ਹੈ।*

***Keywords:*** *ਮੌਤ ਪ੍ਰਵਿਰਤੀ, ਜੀਵਨ ਪ੍ਰੇਰਨਾ, ਆਤਮਿਕ ਮੁਕਤੀ, ਨਾਸ਼ਵਾਨਤਾ, ਅਡੋਲਤਾ, ਮਨੋਵਿਗਿਆਨਕ ਸੰਤੁਲਨ.*

## *ਪ੍ਰਸਤਾਵਨਾ*

ਗੁਰਮਤਿ ਕਾਵਿ ਧਾਰਾ ਮੱਧਕਾਲ ਦੀ ਇੱਕ ਨਵੀਨ ਅਤੇ ਮੌਲਿਕ ਵਿਚਾਰਧਾਰਾ ਹੈ, ਜੋ ਪੰਜਾਬ ਦੇ ਧਰਾਤਲ ਨਾਲ ਗਹਿਰੇ ਤੌਰ 'ਤੇ ਜੁੜੀ ਹੋਣ ਦੇ ਨਾਲ-ਨਾਲ ਵਿਸ਼ਵ ਸਾਹਿਤ ਵਿੱਚ ਵੀ ਆਪਣਾ ਵਿਲੱਖਣ ਸਥਾਨ ਰੱਖਦੀ ਹੈ। ਬਾਕੀ ਸੰਸਾਰ ਦੇ ਧਰਮਾਂ ਵਾਂਗ, ਇਹ ਵਿਚਾਰਧਾਰਾ ਵੀ ਮਨੁੱਖ ਨੂੰ ਹੀ ਕੇਂਦਰ ਬਿੰਦੂ ਬਣਾਉਂਦੀ ਹੈ, ਪਰ ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖੀ ਮਨ ਨੂੰ ਕੇਂਦਰ ਵਿੱਚ ਰੱਖ ਕੇ ਜੀਵਨ ਜਿਉਣ ਦੀ ਵਿਧੀ 'ਤੇ ਵਧੇਰੇ ਜ਼ੋਰ ਦਿੰਦੀ ਹੈ। ਇਸ ਵਿਚਾਰਧਾਰਾ ਦੀ ਇਹ ਵੀ ਖ਼ਾਸੀਅਤ ਹੈ ਕਿ ਇਸ ਨੇ ਸਰਲ ਅਤੇ ਸਪਸ਼ਟ ਬੋਲੀ ਰਾਹੀਂ ਵਿਗਿਆਨਕ ਢੰਗ ਨਾਲ ਆਪਣਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ। ਗੁਰੂ ਤੇਗ ਬਹਾਦਰ ਜੀ ਨੇ ਵੀ ਇਸ ਗੁਰਮਤਿ ਧਾਰਾ ਦੇ ਅਨੁਸਾਰ ਮਨੁੱਖ ਦੇ ਮਾਨਸਿਕ ਅਤੇ ਸਮਾਜਿਕ ਜੀਵਨ ਦੇ ਵਿਕਾਸ ਵੱਲ ਮਹੱਤਵਪੂਰਨ ਯੋਗਦਾਨ ਦਿੱਤਾ। ਉਨ੍ਹਾਂ ਨੇ ਮਨੁੱਖੀ ਮਨ ਨੂੰ ਸੰਬੋਧਿਤ ਕਰਦੇ ਹੋਏ ਵਿਸ਼ੇ–ਵਿਕਾਰਾਂ ਤੋਂ ਦੂਰ ਰਹਿਣ ਲਈ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਅਤੇ ਆਤਮਿਕ ਉੱਚਾਈ ਵੱਲ ਪ੍ਰੇਰਿਤ ਕੀਤਾ।

## ਜੀਵਨ ਅਤੇ ਮੌਤ ਦਾ ਫ਼ਰਾਇਡੀ ਦ੍ਰਿਸ਼ਟੀਕੋਣ

ਮਨੁੱਖੀ ਅਸਤਿਤਵ ਦੇ ਕੇਂਦਰ ਵਿੱਚ ਚੰਗਾ ਜੀਵਨ ਜਿਊਣ ਦੀ ਤਾਂਘ ਅਤੇ ਮੌਤ ਦੀ ਅਟੱਲਤਾ ਦੇ ਵਿਚਕਾਰ ਇੱਕ ਗਹਿਰਾ ਸੰਘਰਸ਼ ਨਿਰੰਤਰ ਚੱਲਦਾ ਰਹਿੰਦਾ ਹੈ। ਇਹ ਸੰਘਰਸ਼ ਕੇਵਲ ਦਾਰਸ਼ਨਿਕਾਂ ਅਤੇ ਧਾਰਮਿਕ ਵਿਦਵਾਨਾਂ ਲਈ ਹੀ ਨਹੀਂ, ਸਗੋਂ ਮਨੋਵਿਗਿਆਨੀਆਂ ਅਤੇ ਮਨੋਵਿਸ਼ਲੇਸ਼ਕਾਂ ਲਈ ਵੀ ਸਦੀਆਂ ਤੋਂ ਚਿੰਤਨ ਦਾ ਕੇਂਦਰ ਬਣਿਆਂ ਹੋਇਆ ਹੈ। ਮਨੋਵਿਸ਼ਲੇਸ਼ਣ ਦੇ ਸੰਸਥਾਪਕ ਸਿਗਮੁੰਡ ਫ੍ਰਾਇਡ ਨੇ ਇਸ ਸੰਘਰਸ਼ ਨੂੰ ਮਨੁੱਖੀ ਮਨ ਦੇ ਸਭ ਤੋਂ ਮੂਲ ਦਵੈਤ ਵਜੋਂ ਰੇਖਾਂਕਿਤ ਕੀਤਾ ਹੈ। ਆਪਣੀ ਮਹੱਤਵਪੂਰਨ ਰਚਨਾ Beyond the Pleasure Principle (1920) ਵਿੱਚ ਫ੍ਰਾਇਡ ਨੇ ਜੀਵਨ ਪ੍ਰੇਰਨਾ (Eros) ਅਤੇ ਮੌਤ ਪ੍ਰਵਿਰਤੀ (Thanatos) ਦੋ ਪ੍ਰਮੁੱਖ ਪ੍ਰਵਿਰਤੀਆਂ ਦਾ ਸਿਧਾਂਤ ਪੇਸ਼ ਕੀਤਾ। ਓਹਨਾਂ ਅਨੁਸਾਰ-

> *"ਮਰਨ ਪ੍ਰਵਿਰਤੀਆਂ ਉਹ ਹਨ ਜਿਹੜੀਆਂ ਜੀਵਨ ਨੂੰ ਆਰਾਮ ਦੇਣ ਦੀ ਪੁਰਜ਼ੋਰ ਕੋਸ਼ਿਸ਼ ਕਰਦੀਆਂ ਹਨ। ਜੀਵਨ ਪ੍ਰਵਿਰਤੀਆਂ ਉਹ ਹਨ ਜੋ ਹਮੇਸ਼ਾ ਹੀ ਨਵੇਂ ਅਨੁਭਵਾਂ ਵੱਲ ਜਾਂਦਿਆਂ ਹਨ ਅਤੇ ਆਰਾਮ ਨੂੰ ਭੰਗ ਕਰਦੀਆਂ ਹਨ।"*[1]

ਜਿੱਥੇ ਜੀਵਨ ਪ੍ਰੇਰਨਾ ਮਨੁੱਖ ਨੂੰ ਪ੍ਰੇਮ, ਰਚਨਾਤਮਕਤਾ, ਪ੍ਰਜਨਨ ਅਤੇ ਸੁਰੱਖਿਆ ਵੱਲ ਪ੍ਰੇਰਿਤ ਕਰਦਾ ਹੈ, ਉੱਥੇ ਮੌਤ ਪ੍ਰਵਿਰਤੀ ਉਸ ਨੂੰ ਵਿਘਟਨ, ਵਿਨਾਸ਼ ਅਤੇ ਮੌਤ ਵੱਲ ਖਿੱਚਦਾ ਹੈ। ਇਸ ਤਰ੍ਹਾਂ ਮਨੁੱਖੀ ਜੀਵਨ ਸਦਾ ਹੀ ਜੀਵਨ ਦੀ ਇੱਛਾ ਅਤੇ ਮੌਤ ਦੀ ਤਾਕਤ ਦੇ ਅਟੱਲ ਦਵੈਤ ਵਿੱਚ ਜਕੜਿਆ ਰਹਿੰਦਾ ਹੈ। ਜੀਵਨ-ਪ੍ਰਵਿਰਤੀਆਂ ਮਨੁੱਖ ਨੂੰ ਸਵੈ-ਲਗਨ, ਪ੍ਰਗਤੀਸ਼ੀਲਤਾ ਅਤੇ ਨਵੇਂ ਅਨੁਭਵਾਂ ਵੱਲ ਪ੍ਰੇਰਦੀਆਂ ਹਨ, ਜਦਕਿ ਮਰਨ-ਪ੍ਰਵਿਰਤੀਆਂ ਉਸ ਨੂੰ ਨਕਾਰਾਤਮਕਤਾ, ਨਿਰਾਸ਼ਾ ਅਤੇ ਵਿਨਾਸ਼ ਵੱਲ ਧੱਕਦੀਆਂ ਹਨ। ਫ੍ਰਾਇਡ ਦੁਆਰਾ ਪ੍ਰਤੀਪਾਦਿਤ ਇਹਨਾਂ ਪ੍ਰਵਿਰਤੀਆਂ ਬਾਰੇ ਜੇ. ਏ. ਸੀ. ਬ੍ਰਾਉਨ ਦਾ ਵਿਚਾਰ ਹੈ ਕਿ,

> *"ਜੀਵਨ-ਪ੍ਰਵਿਰਤੀਆਂ ਦੀ ਤੁਲਨਾ ਲਿਬਿਡੋ ਨਾਲ ਕੀਤੀ ਜਾ ਸਕਦੀ ਹੈ। ਇਹ ਪ੍ਰਵਿਰਤੀਆਂ ਸਵੈ-ਲਗਨ ਅਤੇ ਜੀਵਨ ਦੀ ਸੰਰਚਨਾ ਵੱਲ ਪ੍ਰੇਰਦੀਆਂ ਹਨ, ਜਦਕਿ ਮਰਨ-ਪ੍ਰਵਿਰਤੀਆਂ ਸਾਨੂੰ ਹਮੇਸ਼ਾ ਉਹਨਾਂ ਢਾਹੂ ਕੰਮਾਂ ਵੱਲ ਪ੍ਰੇਰਦੀਆਂ ਹਨ ਜਿਨ੍ਹਾਂ ਦਾ ਆਖ਼ਰੀ ਮੰਤਵ ਮੌਤ ਜਾਂ 'ਮੁਕਤੀ' ਨਾਲ ਜੁੜਿਆ ਹੈ, ਜਿਸ ਵਿੱਚ ਪਰਮਾਨੰਦ ਦਾ ਸੰਕਲਪ ਨਿਹਿਤ ਹੈ।"*[2]

## ਜੀਵਨ ਅਤੇ ਮੌਤ ਪ੍ਰਤੀ ਭਾਰਤੀ ਦ੍ਰਿਸ਼ਟੀਕੋਣ

ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਅਤੇ ਅਸਥਿਰ ਸੱਚ ਮੌਤ ਹੈ। ਮੌਤ ਦੇ ਸੰਕਲਪ ਨੂੰ ਸੰਸਾਰ ਦੇ ਹਰ ਧਾਰਮਿਕ ਮਹਾਂਪੁਰਸ਼ ਅਤੇ ਧਾਰਮਿਕ ਗ੍ਰੰਥ ਵਿੱਚ ਵੱਖ-ਵੱਖ ਢੰਗ ਨਾਲ ਵਿਆਖਿਆ ਗਿਆ ਹੈ। ਭਾਰਤੀ ਚਿੰਤਨ-ਪਰੰਪਰਾ ਵਿੱਚ ਮੌਤ ਸਿਰਫ਼ ਸਰੀਰਕ ਅੰਤ ਦੀ ਘਟਨਾ ਨਹੀਂ ਮੰਨੀ ਜਾਂਦੀ, ਸਗੋਂ ਇਸ ਦਾ ਜੀਵਨ ਦੇ ਅਧਿਆਤਮਿਕ ਪੱਖ ਨਾਲ ਗਹਿਰਾ ਸੰਬੰਧ ਦਰਸਾਇਆ ਗਿਆ ਹੈ। ਇੱਥੇ ਮੌਤ ਨੂੰ ਕਈ ਪੱਖਾਂ ਵਿੱਚ ਸਮਝਿਆ ਗਿਆ ਹੈ ਜਿਵੇਂ ਜਨਮ-ਮਰਨ ਦੇ ਅਨੰਤ ਚੱਕਰ ਦੀ ਇੱਕ ਕੜੀ ਵਜੋਂ ਕਦੇ ਰੱਬ ਨਾਲ ਮਿਲਾਪ ਦੇ ਦਰਵਾਜ਼ੇ ਵਜੋਂ, ਅਤੇ ਕਦੇ ਅਹੰਕਾਰ ਦੇ ਅੰਤ ਵਜੋਂ। ਵੇਦਾਂ ਵਿੱਚ ਮੌਤ ਨੂੰ ਕੁਦਰਤੀ ਨਿਯਮ ਮੰਨਿਆ ਗਿਆ ਹੈ; ਉਪਨਿਸ਼ਦਾਂ ਵਿੱਚ ਆਤਮਾ ਦੀ ਅਵਿਨਾਸ਼ੀਤਾ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ; ਭਗਵਦ ਗੀਤਾ ਵਿੱਚ ਮੌਤ ਨੂੰ ਆਤਮਾ ਦੇ ਨਵੇਂ ਸਫ਼ਰ ਦੀ ਸ਼ੁਰੂਆਤ ਵਜੋਂ ਦਰਸਾਇਆ ਗਿਆ ਹੈ। ਬੁੱਧ ਅਤੇ ਜੈਨ ਧਰਮਾਂ ਵਿੱਚ ਮੌਤ ਨੂੰ ਸੰਸਾਰਕ ਅਸਥਿਰਤਾ ਅਤੇ ਕਰਮਕ ਬੰਧਨਾਂ ਭਾਵ ਮਨੁੱਖ ਦੁਆਰਾ ਕੀਤੇ ਗਏ ਕਰਮਾਂ ਦੇ ਨਤੀਜੇ ਵਜੋਂ ਜੋੜ ਕੇ ਦੇਖਿਆ ਗਿਆ ਹੈ। ਇਸ ਤਰ੍ਹਾਂ, ਭਾਰਤੀ ਚਿੰਤਨ-ਪਰੰਪਰਾ ਵਿੱਚ ਮੌਤ ਨੂੰ ਸਿਰਫ਼ ਜੀਵਨ ਦੇ ਅੰਤ ਦੀ ਘਟਨਾ ਹੀ ਨਹੀਂ, ਸਗੋਂ ਇੱਕ ਵਿਸ਼ਾਲ ਅਧਿਆਤਮਿਕ ਯਾਤਰਾ ਦੇ ਅਟੁੱਟ ਅੰਗ ਵਜੋਂ ਸਮਝਿਆ ਗਿਆ ਹੈ।

ਸਿੱਖ ਦਰਸ਼ਨ, ਜੀਵਨ ਅਤੇ ਮੌਤ ਦੇ ਸੰਬੰਧ ਬਾਰੇ ਇੱਕ ਗਹਿਰੀ, ਬਹੁ-ਪੱਖੀ ਅਤੇ ਆਤਮਿਕ ਦਰਸ਼ਟੀ ਪ੍ਰਦਾਨ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਜੀਵਨ ਅਤੇ ਮੌਤ ਦੇ ਇਸ ਸੰਘਰਸ਼ ਨੂੰ ਅਸਾਧਾਰਨ ਗਹਿਰਾਈ ਨਾਲ ਉਜਾਗਰ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਨ੍ਹਾਂ ਦੇ ਸ਼ਬਦ ਅਤੇ ਸਲੋਕ ਜੀਵਨ ਦੀ ਅਸਥਿਰਤਾ ਦੀ ਪਹਿਚਾਣ ਕਰਦੇ ਹੋਏ ਮਨੁੱਖ ਨੂੰ ਮੌਤ ਦੇ ਡਰ ਤੋਂ ਉਪਰਾਮ ਹੋਣ ਲਈ ਪ੍ਰੇਰਿਤ ਕਰਦੇ ਹਨ। ਇਸ ਦੇ ਨਾਲ ਹੀ ਉਹ ਮਨੁੱਖ ਨੂੰ ਇੱਕ ਅਜਿਹੀ ਅਵਸਥਾ ਵੱਲ ਦਿਸ਼ਾ ਦਿੰਦੇ ਹਨ ਜਿੱਥੇ ਮਨ ਸ਼ਾਂਤੀ, ਸਮਤਾ ਅਤੇ ਆਤਮਿਕ ਅਡੋਲਤਾ ਦੀ ਅਵਸਥਾ ਵਿੱਚ ਪਹੁੰਚ ਸਕਦਾ ਹੈ।

## ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਮੌਤ ਨੂੰ ਆਤਮਿਕ ਦ੍ਰਿਸ਼ਟੀ ਤੋਂ ਸਮਝਣਾ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮੌਤ ਇੱਕ ਵਿਲੱਖਣ ਮਨੋਵਿਗਿਆਨਕ ਦਰਸ਼ਨ ਵਜੋਂ ਪ੍ਰਗਟ ਹੁੰਦੀ ਹੈ। ਗੁਰੂ ਜੀ ਮਨੁੱਖੀ ਜੀਵਨ ਨੂੰ ਇਕ ਛੋਟੇ ਸਮੇਂ ਦਾ ਖੇਲ ਮੰਨਦੇ ਹਨ, ਜਿਸ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਭੌਤਿਕ ਇੱਛਾਵਾਂ ਮਨੁੱਖ ਨੂੰ ਬੰਨ੍ਹ ਕੇ ਰੱਖਦੀਆਂ ਹਨ। ਪਰ

ਉਨ੍ਹਾਂ ਦੀ ਬਾਣੀ ਰਾਹੀਂ ਇਹ ਸੰਦੇਸ਼ ਮਿਲਦਾ ਹੈ ਕਿ ਜੇ ਮਨੁੱਖ ਸੰਸਾਰਿਕ ਮੋਹ ਤੋਂ ਮੁਕਤ ਹੋ ਜਾਵੇ, ਤਾਂ ਉਹ ਮੌਤ ਤੋਂ ਡਰਦਾ ਨਹੀਂ, ਸਗੋਂ ਉਸ ਨੂੰ ਇਕ ਕੁਦਰਤੀ ਪ੍ਰਕਿਰਿਆ ਵਜੋਂ ਸਵੀਕਾਰ ਕਰਦਾ ਹੈ। ਜਿੱਥੇ ਸਿਗਮੰਡ ਫ੍ਰਾਇਡ ਜੀਵਨ–ਮੌਤ ਸੰਘਰਸ਼ ਨੂੰ ਇੱਕ ਅਣਸੁਲਝੇ ਤਣਾਅ ਵਜੋਂ ਪੇਸ਼ ਕਰਦਾ ਹੈ, ਜਿੱਥੇ ਮਰਨ ਪ੍ਰਵਿਰਤੀ ਨਾਸ਼ਕਾਰੀ ਵਿਹਾਰਾਂ, ਹਿੰਸਾ ਅਤੇ ਆਪ-ਵਿਨਾਸ਼ੀ ਰੁਝਾਨਾਂ ਨਾਲ ਜੋੜੀ ਹੋਈ ਮਨੁੱਖ ਨੂੰ ਨਿਰਾਸ਼ਾ ਅਤੇ ਸੰਸਾਰ-ਤਿਆਗ ਵੱਲ ਲੈ ਕੇ ਜਾਂਦੀ ਹੈ। ਪਰ ਉੱਥੇ ਹੀ ਗੁਰੂ ਤੇਗ ਬਹਾਦਰ ਜੀ ਇਸ ਸੰਘਰਸ਼ ਨੂੰ ਕੋਈ ਨਕਾਰਾਤਮਕ ਸ਼ਕਤੀ ਨਹੀਂ ਮੰਨਦੇ। ਉਹ ਇਸ ਨੂੰ ਆਤਮਿਕ ਯਾਤਰਾ ਦਾ ਅਟੱਲ ਅਤੇ ਅਹਿਮ ਅੰਗ ਮੰਨਦੇ ਹਨ।

ਗੁਰੂ ਜੀ ਦੀ ਬਾਣੀ ਵਿੱਚ ਮੌਤ ਨੂੰ ਡਰ ਦਾ ਕਾਰਣ ਨਹੀਂ, ਸਗੋਂ ਮੁਕਤੀ ਦੇ ਰੂਪ ਵਿੱਚ ਵੇਖਿਆ ਗਿਆ ਹੈ। ਉਹ ਮਨੁੱਖ ਨੂੰ ਯਾਦ ਦਿਵਾਉਂਦੇ ਹਨ ਕਿ ਮੌਤ ਅਟੱਲ ਹੈ ਅਤੇ ਕੋਈ ਵੀ ਇਸ ਤੋਂ ਬਚ ਨਹੀਂ ਸਕਦਾ। ਮਨੁੱਖ ਮਾਇਆ ਦੇ ਮੋਹ ਵਿੱਚ ਗੁਆਚ ਜਾਂਦਾ ਹੈ ਅਤੇ ਮੌਤ ਦੇ ਸੱਚ ਨੂੰ ਭੁੱਲ ਜਾਂਦਾ ਹੈ; ਪਰ ਜੋ ਮਨੁੱਖ ਮੌਤ ਦੀ ਅਸਲੀਅਤ ਨੂੰ ਸਮਝ ਲੈਂਦਾ ਹੈ, ਉਹ ਜੀਵਨ ਦੇ ਅਸਲੀ ਮੰਤਵ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ, ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਮੌਤ ਤੋਂ ਡਰਣ ਦੀ ਬਜਾਏ ਸੱਚਾ ਅਤੇ ਸੁੱਚਾ ਜੀਵਨ ਜਿਊਣ ਦਾ ਸੰਦੇਸ਼ ਦਿੰਦੇ ਹਨ।

*ਕੋਊ ਮਾਈ ਭੂਲਿਓ ਮਨੁ ਸਮਝਾਵੈ ॥*

*ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥ ਰਹਾਉ ॥*

*ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥*

*ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥1॥*

*ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥*

*ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥*[3]

ਮਨੋਵਿਗਿਆਨਕ ਪੱਧਰ 'ਤੇ ਮੌਤ ਪ੍ਰਵਿਰਤੀ ਨੂੰ ਅਕਸਰ ਇਕ ਵਿਨਾਸ਼ਕਾਰੀ ਪ੍ਰਵਿਰਤੀ ਵਜੋਂ ਵੇਖਿਆ ਜਾਂਦਾ ਹੈ, ਜੋ ਜੀਵਨ ਨੂੰ ਖਤਮ ਕਰਨ ਜਾਂ ਨਾਸ਼ ਵੱਲ ਧੱਕਦੀ ਹੈ। ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਇਸ ਵਿਸ਼ਲੇਸ਼ਣ ਨੂੰ ਇਕ ਨਵਾਂ ਅਤੇ ਗਹਿਰਾ ਅਰਥ ਪ੍ਰਦਾਨ ਕਰਦੀ ਹੈ। ਗੁਰੂ ਜੀ ਲਈ ਮੌਤ ਸਿਰਫ਼ ਸਰੀਰ ਦੇ ਅੰਤ ਦੀ ਘਟਨਾ ਨਹੀਂ ਸੀ, ਸਗੋਂ ਸੱਚ, ਆਜ਼ਾਦੀ ਅਤੇ ਮਨੁੱਖੀ ਗੌਰਵ ਲਈ ਆਤਮਾ ਦੇ ਪੂਰਨ ਸਮਰਪਣ ਦੀ ਨੈਤਿਕ–ਆਤਮਿਕ ਕਿਰਿਆ ਸੀ। ਇੱਥੇ ਮਰਨ ਪ੍ਰਵਿਰਤੀ ਦੀ ਵਿਨਾਸ਼ਕਾਰੀ ਊਰਜਾ ਕੁਰਬਾਨੀ ਰਾਹੀਂ ਇਕ ਉੱਚ, ਰਚਨਾਤਮਕ ਅਤੇ ਪਰਿਵਰਤਨਕਾਰੀ ਸ਼ਕਤੀ ਵਿੱਚ ਰੂਪਾਂਤਰਿਤ ਹੋ ਜਾਂਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿਖਾਉਂਦੀ ਹੈ ਕਿ ਜਦੋਂ ਮਨੁੱਖ ਮੌਤ ਦੇ ਡਰ ਤੋਂ ਉੱਪਰ ਉੱਠ ਕੇ ਉਸਨੂੰ ਨੈਤਿਕ ਹਿੰਮਤ ਨਾਲ ਸਵੀਕਾਰ ਕਰਦਾ ਹੈ, ਤਾਂ ਮਰਨ ਪ੍ਰਵਿਰਤੀ (ਮੌਤ ਪ੍ਰਵਿਰਤੀ ) ਅਰਥਹੀਣਤਾ ਅਤੇ ਨਾਸ਼ ਤੋਂ ਹਟ ਕੇ ਆਤਮਿਕ ਉੱਚਾਈ ਅਤੇ ਸਮਾਜਿਕ ਪਰਿਵਰਤਨ ਦਾ ਸਾਧਨ ਬਣ ਸਕਦੀ ਹੈ। ਇਸ ਸੰਦਰਭ ਵਿੱਚ ਸ਼ਹੀਦੀ ਇਕ ਮਨੋਵਿਗਿਆਨਕ ਮਾਡਲ ਬਣ ਜਾਂਦੀ ਹੈ ਜਿੱਥੇ ਮੌਤ ਸਿਰਫ਼ ਅੰਤ ਨਹੀਂ ਰਹਿੰਦੀ, ਸਗੋਂ ਨੈਤਿਕ ਰਚਨਾਤਮਕਤਾ, ਮੁਕਤੀ ਅਤੇ ਆਤਮਿਕ ਅਸਥਿਤੀ ਦੀ ਪੁਸ਼ਟੀ ਦਾ ਪ੍ਰਤੀਕ ਬਣ ਜਾਂਦੀ ਹੈ। ਗੁਰੂ ਜੀ ਦੀ ਇਹ ਕੁਰਬਾਨੀ ਦਰਸਾਉਂਦੀ ਹੈ ਕਿ ਮੌਤ ਦਾ ਸੱਚਾ ਅਰਥ ਡਰ ਨਹੀਂ, ਬਲਕਿ ਉੱਚ ਆਤਮਿਕ ਅਵਸਥਾ ਅਤੇ ਮਨੁੱਖਤਾ ਲਈ ਪ੍ਰੇਰਣਾ ਹੈ।

*ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥*

*ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥*

*ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥*

*ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥*

*ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥*

*ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥*

*ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥*

*ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥*[4]

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮੌਤ ਦੇ ਸੰਕਲਪ ਨੂੰ ਸਿਰਫ਼ ਅਸਥਿਰਤਾ ਜਾਂ ਨਾਸ਼ ਵਜੋਂ ਨਹੀਂ, ਸਗੋਂ ਮਨੁੱਖੀ ਚੇਤਨਾ ਦੇਪੱਧਰ ਨੂੰ ਉੱਚਾ ਚੁੱਕਣਾ ਅਤੇ ਸਮਾਜਕ-ਧਾਰਮਿਕ ਨਵੀਨਤਾ ਦੇ ਰੂਪ ਵਿੱਚ ਪੇਸ਼ ਕਰਦੀ ਹੈ।

## ਮੌਤ ਪ੍ਰਵਿਰਤੀ ਦਾ ਰਚਨਾਤਮਕ ਰੂਪਾਂਤਰਣ

ਮਨੁੱਖ ਦੀ ਜ਼ਿੰਦਗੀ ਵਿੱਚ ਉੱਪਜਣ ਵਾਲੇ ਵਿਕਾਰ ਕਈ ਵਾਰ ਉਸਨੂੰ ਇਸ ਹੱਦ ਤੱਕ ਪਹੁੰਚਾ ਦਿੰਦੇ ਹਨ ਕਿ ਉਹ ਆਪਣੀ ਜ਼ਿੰਦਗੀ ਨੂੰ ਗੈਰ–ਕੁਦਰਤੀ ਢੰਗ ਨਾਲ ਸਮਾਪਤ ਕਰਨ ਲਈ ਝੁਕਾਅ ਰੱਖਣ ਲੱਗ ਪੈਂਦਾ ਹੈ। ਪਰ ਗੁਰੂ ਤੇਗ ਬਹਾਦਰ ਜੀ ਮੌਤ ਦੇ ਸੰਕਲਪ ਨੂੰ ਸਿਰਫ਼ ਸਰੀਰਕ ਅੰਤ ਤੱਕ ਸੀਮਿਤ ਨਹੀਂ ਰੱਖਦੇ; ਉਹ ਇਸ ਧਾਰਣਾ ਨੂੰ ਇਕ ਗਹਿਰੇ ਮਨੋ–ਆਤਮਿਕ ਪੱਧਰ 'ਤੇ ਲੈ ਜਾਂਦੇ ਹਨ। ਗੁਰੂ ਜੀ ਅਨੁਸਾਰ, ਜੇ ਮਨੁੱਖ ਆਪਣੇ ਅੰਦਰ ਦੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਰਗੇ ਵਿਕਾਰਾਂ ਨੂੰ ਜਿੱਤ ਲਵੇ, ਤਾਂ ਉਹ ਮੌਤ ਦੇ ਡਰ ਅਤੇ ਮੌਤ ਨਾਲ ਸੰਬੰਧਿਤ ਨਕਾਰਾਤਮਕ ਵਿਚਾਰਾਂ 'ਤੇ ਵੀ ਜਿੱਤ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ, ਜਿੱਥੇ ਫ੍ਰਾਇਡ ਲਈ ਮੌਤ ਪ੍ਰਵਿਰਤੀ ਇੱਕ ਅਵਚੇਤਨ ਤਾਕਤ ਹੈ ਜੋ ਮਨੁੱਖ ਨੂੰ ਪਿੱਛੇ ਵੱਲ ਅਜੀਵ ਅਵਸਥਾ ਅਤੇ ਵਿਨਾਸ਼ ਵੱਲ ਅਗਰਸਰ ਕਰਦੀ ਹੈ, ਉੱਥੇ ਗੁਰੂ ਤੇਗ ਬਹਾਦਰ ਜੀ ਲਈ ਮੌਤ ਮਨੁੱਖ ਨੂੰ ਅੱਗੇ ਵੱਲ, ਆਤਮਿਕ ਮੁਕਤੀ ਅਤੇ ਅਡੋਲਤਾ ਵੱਲ ਲੈ ਜਾਣ ਵਾਲੀ ਪ੍ਰੇਰਕ ਸ਼ਕਤੀ ਹੈ। ਉਹ ਮੌਤ ਨੂੰ ਨਾਸ਼ਕਾਰੀ ਵਿਹਾਰ ਨਾਲ ਨਹੀਂ ਜੋੜਦੇ, ਸਗੋਂ ਆਤਮਿਕ ਜਾਗਰੂਕਤਾ ਅਤੇ ਅੰਦਰੂਨੀ ਵਿਕਾਰਾਂ 'ਤੇ ਜਿੱਤ ਨਾਲ ਜੋੜਦੇ ਹਨ।

*ਮਨ ਰੇ ਕਹਾ ਭਇਓ ਤੈ ਬਉਰਾ ॥*
*ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ ਰਹਾਉ ॥*
*ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥*
*ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥*
*ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥*
*ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ ॥*
*ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥*
*ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥*[5]
*ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥*
*ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥*[6]

## ਨਾਸ਼ਵਾਨਤਾ ਦੀ ਸਵੀਕਾਰਤਾ ਅਤੇ ਮਨੋਵਿਗਿਆਨਕ ਸੰਤੁਲਨ

ਨਾਸ਼ਵਾਨਤਾ ਮਨੁੱਖੀ ਜੀਵਨ ਦਾ ਅਟੱਲ ਸੱਚ ਹੈ। ਦਰਸ਼ਨ, ਧਰਮ ਅਤੇ ਸਾਹਿਤ ਦੀਆਂ ਵੱਖ-ਵੱਖ ਧਾਰਾਵਾਂ ਵਿੱਚ ਇਸਨੂੰ ਮਨੁੱਖੀ ਅਨੁਭਵ ਦਾ ਕੇਂਦਰੀ ਵਿਸ਼ਾ ਮੰਨਿਆ ਗਿਆ ਹੈ। ਹਰ ਉਹ ਚੀਜ਼ ਜੋ ਜਨਮ ਲੈਂਦੀ ਹੈ, ਉਸ ਦਾ ਖ਼ਤਮ ਹੋਣਾ ਲਾਜ਼ਮੀ ਹੈ। ਸਰੀਰ, ਧਨ-ਦੌਲਤ, ਯਸ਼, ਰਾਜ-ਪਦਾਰਥ ਆਦਿ ਸਭ ਅਸਥਿਰ ਅਤੇ ਸਮੇਂ ਦੇ ਨਾਲ ਵਿਲੀਨ ਹੋਣ ਵਾਲੇ ਹਨ। ਨਾਸ਼ਵਾਨਤਾ ਦਾ ਇਹ ਸੱਚ ਮਨੁੱਖ ਨੂੰ ਯਾਦ ਦਿਵਾਉਂਦਾ ਹੈ ਕਿ ਸੰਸਾਰਕ ਮਾਇਆ, ਲਾਲਸਾ ਅਤੇ ਅਹੰਕਾਰ ਸਥਾਈ ਨਹੀਂ ਹਨ। ਇਸ ਲਈ ਜੀਵਨ ਦਾ ਅਸਲੀ ਮੰਤਵ ਆਤਮਿਕ ਉੱਚਾਈਆਂ ਦੀ ਖੋਜ, ਨੈਤਿਕਤਾ ਦੀ ਪਾਲਣਾ ਅਤੇ ਪਰਮ ਸੱਚ ਦੀ ਪ੍ਰਾਪਤੀ ਹੈ। ਮੌਤ ਪ੍ਰਵਿਰਤੀ ਆਪਣੇ ਕੇਂਦਰ ਵਿੱਚ ਨਾਸ਼ਵਾਨਤਾ ਦੀ ਹੀ ਧਾਰਣਾ ਨੂੰ ਰੱਖਦੀ ਹੈ। ਜਦੋਂ ਮਨੁੱਖ ਜ਼ਿੰਦਗੀ ਤੋਂ ਉਪਰਾਮ ਹੁੰਦਾ ਹੈ, ਉਹ ਨਾ ਕੇਵਲ ਆਪਣੇ ਆਪ ਨੂੰ ਨਸ਼ਟ ਕਰਨਾ ਚਾਹੁੰਦਾ ਹੈ, ਸਗੋਂ ਆਪਣੇ ਆਲੇ-ਦੁਆਲੇ ਦੀ ਦੁਨੀਆ ਤੋਂ ਵੀ ਮੁਕਤ ਹੋਣਾ ਚਾਹੁੰਦਾ ਹੈ। ਇਸ ਮਨੋਵਿਗਿਆਨਕ ਅਵਸਥਾ ਵਿੱਚ ਮਨੁੱਖ ਹਰ ਉਸ ਵਸਤੂ ਨੂੰ ਬੇਮਤਲਬ ਸਮਝ ਕੇ ਨਾਸ਼ ਕਰਨਾ ਚਾਹੁੰਦਾ ਹੈ ਜੋ ਉਸ ਦੀ ਅਸਥਿਰਤਾ ਦੀ ਯਾਦ ਦਿਵਾਉਂਦੀ ਹੈ।

ਗੁਰੂ ਤੇਗ ਬਹਾਦਰ ਜੀ ਨਾਸ਼ਵਾਨਤਾ ਨੂੰ ਕੁਦਰਤ ਦਾ ਬਣਾਇਆ ਇਕ ਚੱਕਰ ਮੰਨਦੇ ਹਨ। ਪਰ ਮਨੁੱਖ ਲਾਲਚ ਅਤੇ ਮੋਹ ਦੇ ਕਾਰਨ ਆਪਣੇ ਆਪ ਨੂੰ ਸਥਾਈ ਸਮਝਣ ਲੱਗ ਪੈਂਦਾ ਹੈ। ਇਸ ਭਰਮ ਦੇ ਕਾਰਨ ਉਹ ਅਨੈਤਿਕ ਕਰਮਾਂ ਵਿੱਚ ਲੀਨ ਹੋ ਕੇ ਆਪਣੇ ਆਤਮਿਕ ਮੰਤਵ ਤੋਂ ਭਟਕ ਜਾਂਦਾ ਹੈ ਅਤੇ ਆਪਣੀ ਅਸਲੀ ਹਸਤੀ ਨੂੰ ਭੁੱਲ ਜਾਂਦਾ ਹੈ। ਗੁਰੂ ਜੀ ਮਨੁੱਖ ਨੂੰ ਸੰਦੇਸ਼ ਦਿੰਦੇ ਹਨ ਕਿ ਜੀਵਨ ਨੂੰ ਬੱਦਲਾਂ ਦੀ ਛਾਂ ਵਾਂਗ ਅਸਥਿਰ ਸਮਝੋ ਅਤੇ ਇਸ ਜੂਠੇ ਸੰਸਾਰ ਦੀਆਂ ਚਮਕੀਲੀਆਂ ਵਸਤੂਆਂ, ਜਿਵੇਂ ਧਨ, ਸੁੰਦਰਤਾ ਅਤੇ ਘਰ-ਗ੍ਰਿਹਸਤੀ ਨਾਲ ਅਤਿ-ਮੋਹ ਨਾ ਜੋੜੋ। ਮਨੁੱਖ ਅਸਥਾਈ ਜੀਵਨ ਦੀ ਸੱਚਾਈ ਜਾਣਦੇ ਹੋਏ ਵੀ, ਸੁੱਖ ਦੀ ਲਾਲਸਾ ਵਿੱਚ ਗੁਲਾਮੀ ਕਰਦਾ ਹੈ ਅਤੇ ਮਨ ਦੀ ਸ਼ਾਂਤੀ ਗਵਾ ਬੈਠਦਾ ਹੈ। ਗੁਰੂ ਜੀ ਇਸ ਅਵਸਥਾ ਦੀ ਤੁਲਨਾ ਉਸ ਕੁੱਤੇ ਨਾਲ ਕਰਦੇ ਹਨ ਜੋ ਦਸਾਂ ਦਿਸ਼ਾਵਾਂ ਵਿੱਚ ਬੇਮਕਸਦ ਦੌੜਦਾ ਰਹਿੰਦਾ ਹੈ। ਇਹ ਮਨੁੱਖੀ ਮਨ ਦੀ ਬੇਚੈਨੀ ਅਤੇ ਅਸਥਿਰਤਾ ਦੀ ਗਹਿਰੀ ਚਿੱਤਰਕਾਰੀ ਹੈ।

*ਬਿਰਥਾ ਕਹਉ ਕਉਨ ਸਿਉ ਮਨ ਕੀ ॥*
*ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ਰਹਾਉ ॥*
*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥*
*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥*
*ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥*
*ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥*[7]
*ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥*
*ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥*[8]

ਪੱਛਮੀ ਮਨੋਵਿਗਿਆਨ ਵਿੱਚ ਸਿਗਮੰਡ ਫ੍ਰਾਇਡ ਦੀ ਮਰਨ ਪ੍ਰਵਿਰਤੀ ਮਨੁੱਖੀ ਜੀਵਨ ਦੇ ਅੰਤ ਵੱਲ ਧੱਕਣ ਵਾਲੀ ਇਕ ਅਵਚੇਤਨ ਤਾਕਤ ਵਜੋਂ ਵੇਖੀ ਜਾਂਦੀ ਹੈ। ਇਹ ਪ੍ਰਵਿਰਤੀ ਜੀਵਨ ਦੀ ਰਚਨਾਤਮਕ ਊਰਜਾ ਜੀਵਨ ਪ੍ਰੇਰਨਾਦੇ ਉਲਟ, ਨਾਸ਼, ਹਿੰਸਾ ਅਤੇ ਆਪਣੇ ਅਸਤਿਤਵ ਦੇ ਖ਼ਾਤਮੇ ਵੱਲ ਪ੍ਰੇਰਿਤ ਕਰਦੀ ਹੈ। ਇਸਦੇ ਉਲਟ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਾਸ਼ਵਾਨਤਾ ਨੂੰ ਸਿਰਫ਼ ਜੀਵਨ ਦੀ ਹਕੀਕਤ ਵਜੋਂ ਨਹੀਂ, ਬਲਕਿ ਇਕ ਮਨੋਵਿਗਿਆਨਕ ਥੈਰੇਪੀ ਵਜੋਂ ਪੇਸ਼ ਕਰਦੀ ਹੈ।

## ਚਿੰਤਾ, ਉਦਾਸੀ ਅਤੇ ਡਰ ਦਾ ਆਧਿਆਤਮਿਕ ਹੱਲ

ਗੁਰੂ ਜੀ ਕਹਿੰਦੇ ਹਨ ਕਿ ਜਦੋਂ ਮਨੁੱਖ ਸੁਖ–ਦੁਖ, ਲਾਭ–ਹਾਨੀ ਅਤੇ ਜੀਵਨ–ਮਰਨ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਣ ਲੱਗਦਾ ਹੈ, ਤਾਂ ਉਹ ਅਡੋਲਤਾ ਦੀ ਅਵਸਥਾ ਹਾਸਲ ਕਰ ਲੈਂਦਾ ਹੈ। ਇਹ ਅਡੋਲਤਾ ਨਾਸ਼ਵਾਨਤਾ ਦੀ ਸਵੀਕ੍ਰਿਤੀ ਰਾਹੀਂ ਹੀ ਸੰਭਵ ਹੈ। ਇਸ ਤਰ੍ਹਾਂ ਗੁਰੂ ਜੀ ਮੌਤ ਦੇ ਡਰ ਅਤੇ ਜੀਵਨ ਦੀ ਅਸਥਿਰਤਾ ਨੂੰ ਉਦਾਸੀ, ਨਿਰਾਸ਼ਾ ਜਾਂ ਖਾਲੀਪਨ ਦਾ ਕਾਰਣ ਨਹੀਂ ਬਣਨ ਦਿੰਦੇ, ਸਗੋਂ ਇਸਨੂੰ ਆਤਮਿਕ ਸਥਿਰਤਾ ਅਤੇ ਮਨੋਵਿਗਿਆਨਕ ਸੰਤੁਲਨ ਦਾ ਸਾਧਨ ਬਣਾ ਦਿੰਦੇ ਹਨ।

*ਰੇ ਨਰ ਇਹ ਸਾਚੀ ਜੀਅ ਧਾਰਿ ॥*
*ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥ ਰਹਾਉ ॥*
*ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥*
*ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥*
*ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥*
*ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥*[9]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ ਅਤੇ ਆਤਮਿਕ ਅਨੁਭਵਾਂ ਨੂੰ ਸਮਝਣ ਲਈ ਇੱਕ ਮੌਲਿਕ ਦ੍ਰਿਸ਼ਟੀ ਪ੍ਰਦਾਨ ਕਰਦੀ ਹੈ। ਮਨੁੱਖੀ ਮਨ ਵਿੱਚ ਚਿੰਤਾ, ਗਹਿਰੀ ਉਦਾਸੀ ਅਤੇ ਡਰ ਇੱਕ ਨਿਰੰਤਰ ਮਨੋਵਿਗਿਆਨਕ ਸੰਘਰਸ਼ ਦਾ ਪ੍ਰਤੀਕ ਹਨ, ਜੋ ਫ੍ਰਾਇਡ ਦੇ ਜੀਵਨ–ਮੌਤ

ਡਰਾਈਵ ਸਿਧਾਂਤ ਨਾਲ ਸਮਝਿਆ ਜਾ ਸਕਦਾ ਹੈ। ਗੁਰੂ ਜੀ ਦੀ ਬਾਣੀ ਇਸ ਸੰਘਰਸ਼ ਨੂੰ ਆਧਿਆਤਮਿਕ ਸੰਦਰਭ ਵਿੱਚ ਪੇਸ਼ ਕਰਦੀ ਹੈ। ਮਨੁੱਖ ਜੇ ਚਿੰਤਾ, ਗਹਿਰੀ ਉਦਾਸੀ ਅਤੇ ਡਰ ਨੂੰ ਆਤਮਿਕ ਸਮਝ, ਨਾਸ਼ਵਾਨਤਾ ਦੀ ਸਵੀਕਾਰਤਾ ਅਤੇ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ, ਤਾਂ ਇਹ ਮੌਤ ਪ੍ਰਵਿਰਤੀ ਦੀ ਨਕਾਰਾਤਮਕ ਤਾਕਤ ਨੂੰ ਜੀਵਨ ਪ੍ਰੇਰਨਾ ਦੀ ਰਚਨਾਤਮਕ ਅਤੇ ਆਤਮਿਕ ਤਾਕਤ ਵਿੱਚ ਬਦਲ ਦਿੰਦਾ ਹੈ।

ਚਿੰਤਾ ਸੰਸਾਰਕ ਅਨਿਸ਼ਚਿਤਤਾ ਅਤੇ ਭਵਿੱਖ ਦੇ ਡਰ ਨਾਲ ਉਤਪੰਨ ਹੁੰਦੀ ਹੈ। ਗੁਰੂ ਜੀ ਦੀ ਬਾਣੀ ਇਸ ਨੂੰ ਆਤਮਿਕ ਸਮਝ ਅਤੇ ਸਮ-ਦ੍ਰਿਸ਼ਟੀ ਰਾਹੀਂ ਸ਼ਾਂਤੀ ਅਤੇ ਆਤਮਿਕ ਅਡੋਲਤਾ ਵਿੱਚ ਬਦਲਣ ਦੀ ਸਿੱਖਿਆ ਦਿੰਦੀ ਹੈ। ਗਹਿਰੀ ਉਦਾਸੀ ਸੰਸਾਰਕ ਮੋਹ, ਲਾਲਚ ਅਤੇ ਨਿਰਾਸ਼ਾ ਨਾਲ ਜੁੜੀ ਹੁੰਦੀ ਹੈ, ਜਿਸ ਨੂੰ ਬਾਣੀ ਨਾਸ਼ਵਾਨਤਾ ਦੀ ਸਵੀਕਾਰਤਾ ਅਤੇ ਆਤਮਿਕ ਉੱਚਾਈ ਰਾਹੀਂ ਘਟਾਉਂਦੀ ਹੈ। ਮੌਤ ਦਾ ਡਰ ਮੌਤ ਪ੍ਰਵਿਰਤੀ ਦੀ ਤਾਕਤ ਦਾ ਪ੍ਰਤੀਕ ਹੈ, ਪਰ ਗੁਰੂ ਜੀ ਇਸ ਨੂੰ ਕੁਦਰਤੀ ਅਤੇ ਅਟੱਲ ਸੱਚ ਦੇ ਰੂਪ ਵਿੱਚ ਵੇਖਦੇ ਹਨ, ਜਿਸ ਨਾਲ ਮਨੁੱਖ ਜੀਵਨ ਪ੍ਰੇਰਨਾ ਦੀ ਆਤਮਿਕ ਅਤੇ ਨੈਤਿਕ ਰਚਨਾਤਮਿਕਤਾ ਵੱਲ ਵੱਧਦਾ ਹੈ।

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚਿੰਤਾ, ਗਹਿਰੀ ਉਦਾਸੀ ਅਤੇ ਡਰ ਨੂੰ ਮਨੋਵਿਗਿਆਨਕ ਤਣਾਅ ਦੇ ਰੂਪ ਵਿੱਚ ਵੇਖਣ ਦੇ ਨਾਲ-ਨਾਲ ਇਸ ਨੂੰ ਮਾਨਸਿਕ ਉਪਚਾਰ ਅਤੇ ਆਤਮਿਕ ਉੱਚਾਈ ਵੱਲ ਬਦਲਣ ਦਾ ਮਾਰਗ ਵੀ ਪ੍ਰਦਾਨ ਕਰਦੀ ਹੈ, ਜਿਸ ਨਾਲ ਫ੍ਰਾਇਡ ਦੇ ਜੀਵਨ–ਮੌਤ ਸੰਘਰਸ਼ ਅਤੇ ਗੁਰੂ ਜੀ ਦੀ ਆਧਿਆਤਮਿਕ ਸਿੱਖਿਆ ਵਿਚਕਾਰ ਇੱਕ ਪੁਲ ਬਣਦਾ ਹੈ।

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥*
*ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥*
*ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥*[10]

## ਨਿਸ਼ਕਰਸ਼

ਅੰਤ ਵਿੱਚ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਮਨ ਵਿੱਚ ਜੀਵਨ ਅਤੇ ਮੌਤ ਦਾ ਸੰਘਰਸ਼ ਸਿਰਫ਼ ਭੌਤਿਕ ਜਾਂ ਦਰਸ਼ਨਿਕ ਮਸਲਾ ਨਹੀਂ, ਸਗੋਂ ਇੱਕ ਅਧਿਆਤਮਿਕ ਅਤੇ ਮਨੋਵਿਗਿਆਨਕ ਹਕੀਕਤ ਹੈ ਜੋ ਮਨੁੱਖ ਦੇ ਅਹੰਕਾਰ, ਡਰ ਅਤੇ ਆਤਮਿਕ ਉੱਚਾਈ ਦੀ ਲੋੜ ਨੂੰ ਬਿਆਨ ਕਰਦੀ ਹੈ। ਜਿਥੇ ਸਿਗਮੰਡ ਫ੍ਰਾਇਡ ਦੇ ਜੀਵਨ ਅਤੇ ਮੌਤ ਪ੍ਰਵਿਰਤੀ ਸਿਧਾਂਤ ਮਨੁੱਖੀ ਮਨ ਦੇ ਅੰਦਰਲੇ ਦੋ ਵਿਰੋਧੀ ਬਲਾਂ ਨੂੰ ਵਿਖਾਉਂਦੇ ਹਨ, ਉਥੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਸੰਘਰਸ਼ ਨੂੰ ਆਤਮਿਕ ਜਾਗਰੂਕਤਾ, ਨੈਤਿਕ ਹਿੰਮਤ ਅਤੇ ਰੂਹਾਨੀ ਅਡੋਲਤਾ ਰਾਹੀਂ ਹੱਲ ਕਰਨ ਦਾ ਰਾਹ ਦਿਖਾਉਂਦੀ ਹੈ। ਗੁਰੂ ਜੀ ਦੀ ਬਾਣੀ ਮੌਤ ਨੂੰ ਨਾਸ਼ਕਾਰੀ ਤਾਕਤ ਦੀ ਥਾਂ, ਆਤਮਿਕ ਮੁਕਤੀ ਅਤੇ ਸੱਚ ਦੀ ਪਛਾਣ ਵਜੋਂ ਦਰਸਾਉਂਦੀ ਹੈ। ਇਸ ਤਰ੍ਹਾਂ ਫ੍ਰਾਇਡ ਦੇ ਸਿਧਾਂਤਾਂ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਕਾਰ ਇਕ ਸੰਵਾਦਕ ਪੁਲ ਬਣਦਾ ਹੈ ਜੋ ਆਧੁਨਿਕ ਸਮੇਂ ਦੀਆਂ ਮਨੁੱਖੀ ਚਿੰਤਾਵਾਂ ਖ਼ਾਸ ਕਰਕੇ ਮੌਤ ਦੇ ਡਰ ਅਤੇ ਜੀਵਨ ਦੇ ਅਰਥ ਲਈ ਇੱਕ ਸੰਤੁਲਿਤ, ਰਚਨਾਤਮਕ ਅਤੇ ਰੂਹਾਨੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


[1]. *Sigmund Freud, Beyond the Pleasure Principle, Dover Publications* ***United States****, P.58*

[2]. *J.A.C. Brown, Freud and the Post Freudians,* ***London, United Kingdom,*** *P. 48*

[3]. *ਸ੍ਰੀ ਗੁਰੂ ਗ੍ਰੰਥ ਸਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ। ਅੰਗ: 220*

[4]. *-ਉਹੀ-, ਅੰਗ:703*

[5]. *-ਉਹੀ-, ਅੰਗ:220*

[6]. -ਉਹੀ-, ਅੰਗ:632

[7]. -ਉਹੀ-, ਅੰਗ:411

[8]. -ਉਹੀ-, ਅੰਗ:220

[9]. -ਉਹੀ-, ਅੰਗ:633

[10]. -ਉਹੀ-, ਅੰਗ:633

***Cite this Article***

***ਹਰਭਜਨ ਸਿੰਘ, "ਗੁਰੂ ਤੇਗ ਬਹਾਦਰ ਬਾਣੀ ਅਤੇ ਮਨੋਵਿਸ਼ਲੇਸ਼ਣਵਾਦ: ਮਨੋਵਿਸ਼ਲੇਸ਼ਣਕ ਜੀਵਨ-ਮਰਨ ਪ੍ਰਵਿਰਤੀਆਂ ਦੇ ਵਿਸ਼ੇਸ਼ ਸੰਦਰਭ ਵਿੱਚ"***, *International Journal of Multidisciplinary Research in Arts, Science and Technology (IJMRAST), ISSN: 2584-0231, Volume 3, Issue 5, pp. 87-93, May 2025.*

***Journal URL:*** https://ijmrast.com/

***DOI:*** https://doi.org/10.61778/ijmrast.v3i5.148

This work is licensed under a Creative Commons Attribution-NonCommercial 4.0 International License.